ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 25 ਫਰਵਰੀ, 2014 ਨੂੰ ਦੁਪਹਿਰ 12.00 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਸ੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   (ਨੁਮਾਇੰਦਾ, ਡੀ.ਪੀ.ਆਈ. ਕਾਲਜਾਂ, ਪੰਜਾਬ)
3. ਡਾ. ਸੁਖਦੇਵ ਸਿੰਘ ਖਾਹਰਾ,
   ਡੀਨ, ਲੈਂਗੁਏਜਿਜ਼ ਫੈਕਲਟੀ।
4. ਡਾ. ਮਹਿਮੂਦ ਮੀਆਂ,
   ਡੀਨ, ਸਾਇੰਸਜ਼ ਫੈਕਲਟੀ।
5. ਡਾ. ਬਲਵਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ।
6. ਡਾ. (ਮਿਸਿਜ਼) ਜਸਮੀਤ ਸੰਧੂ,
   ਪ੍ਰੋਫੈਸਰ ਅਤੇ ਮੁਖੀ, ਸੋਸ਼ਿਆਲੋਜੀ ਵਿਭਾਗ।
7. ਡਾ. ਦਲਜੀਤ ਸਿੰਘ,
   ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ।
8. ਡਾ. ਜੋਤੀ ਬਿੰਦਰਾ,
   ਪ੍ਰਿੰਸੀਪਲ, ਆਰ.ਆਰ.ਐਮ.ਕੇ. ਆਰੀਆ ਮਹਿਲਾ ਮਹਾਂਵਿਦਿਆਲਾ, ਪਠਾਨਕੋਟ।
9. ਡਾ. ਪਰਮਜੀਤ ਕੌਰ,
   ਪ੍ਰਿੰਸੀਪਲ, ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ।
10. ਪ੍ਰੋਫੈਸਰ ਐਸ.ਐਸ. ਗਿੱਲ,
    ਉਪ-ਕੁਲਪਤੀ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।
11. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
12. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
13. ਕੈਪਟਨ ਬਲਬੀਰ ਸਿੰਘ ਬਾਠ, ਸਾਬਕਾ ਐਮ.ਐਲ.ਏ.
14. ਸ. ਲਖਬੀਰ ਸਿੰਘ ਲੋਧੀਨੰਗਲ, ਸਾਬਕਾ ਐਮ.ਐਲ.ਏ.
15. ਡਾ. ਵਿਨੈ ਕਪੂਰ ਮਹਿਰਾ, ਰੀਡਰ, ਲਾਅ ਵਿਭਾਗ।
16. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 23.12.2013 ਦੀ ਕਾਰਵਾਈ ਦੀ ਪੁਸ਼ਟੀ।**

1. ਮਿਤੀ 23.12.2013 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 23.12.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 23.12.2013 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਵਿੱਤੀ ਸਾਲ 2014-15 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 17.2.2014 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

3. ਵਿੱਤੀ ਸਾਲ 2014-15 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 17.2.2014 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿੱਤੀ ਸਾਲ 2014-15 ਦੇ ਬਜੱਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

<u>ਸਾਲ 2013-14 ਦਾ ਲੇਖਾ ਜੋਖਾ</u>

ਸਾਲ 2013-14 ਦਾ ਮੂਲ ਬਜਟ 67 ਕਰੋੜ 99 ਲੱਖ 74 ਹਜ਼ਾਰ ਰੁਪਏ ਦੀ ਪਲੱਸ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵਧ ਕੇ 97 ਕਰੋੜ 18 ਲੱਖ 38 ਹਜ਼ਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਸਾਲ 2013-14 ਦਾ ਮੂਲ ਬਜਟ 284 ਕਰੋੜ 77 ਲੱਖ 7 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਖਰਚੇ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 263 ਕਰੋੜ 6 ਲੱਖ 9 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਪੰਜਾਬ ਸਰਕਾਰ ਵਲੋਂ ਬਤੌਰ ਰੈਗੂਲਰ ਗ੍ਰਾਂਟ 35 ਕਰੋੜ 54 ਲੱਖ 85 ਹਜ਼ਾਰ ਰੁਪਏ ਪ੍ਰਾਪਤ ਹੋਵੇਗੀ। ਟੀਚਿੰਗ ਸਟਾਫ ਦੇ ਸੋਧੇ ਹੋਏ ਤਨਖਾਹ ਸਕੇਲਾਂ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ 24 ਕਰੋੜ 28 ਲੱਖ 84 ਹਜ਼ਾਰ ਰੁਪਏ ਵੀ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਹੋ ਚੁੱਕੇ ਹਨ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 136 ਕਰੋੜ 40 ਲੱਖ 62 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 169 ਕਰੋੜ 84 ਲੱਖ 46 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2013-14 ਦੌਰਾਨ ਆਮਦਨ ਵਿਚ ਤਕਰੀਬਨ 33 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 22 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2013-14 ਦੇ ਬਜਟ ਦਾ ਅੰਤ 63 ਕਰੋੜ 80 ਲੱਖ 44 ਹਜ਼ਾਰ ਰੁਪਏ ਦੀ ਵਾਫਰ(surplus) ਰਕਮ ਨਾਲ ਕੀਤਾ ਗਿਆ ਹੈ।

<u>ਸਾਲ 2014-15 ਦੇ ਬਜਟ ਅਨੁਮਾਨ</u>

ਸਾਲ 2014-15 ਦਾ ਬਜਟ 63 ਕਰੋੜ 80 ਲੱਖ 44 ਹਜ਼ਾਰ ਰੁਪਏ ਦੀ ਵਾਫਰ(surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2014-15 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 164 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕੀਤੀ ਗਈ ਹੈ। ਕੁੱਲ ਮਿਲਾ ਕੇ ਖਰਚੇ ਦੀ ਰਕਮ 299 ਕਰੋੜ 68 ਲੱਖ 7 ਹਜ਼ਾਰ ਰੁਪਏ ਹੋਵੇਗੀ।

ਸਾਲ 2014-15 ਦੌਰਾਨ ਪੰਜਾਬ ਸਰਕਾਰ ਵਲੋਂ 35 ਕਰੋੜ 54 ਲੱਖ 85

ਹਜ਼ਾਰ ਰੁਪਏ ਦੀ ਮੇਨਟੀਨੈਂਸ ਗ੍ਰਾਂਟ ਪ੍ਰਾਪਤ ਹੋਵੇਗੀ। ਮੇਨਟੀਨੈਂਸ ਗ੍ਰਾਂਟ ਅਤੇ ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 160 ਕਰੋੜ 11 ਲੱਖ 96 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁੱਲ 195 ਕਰੋੜ 66 ਲੱਖ 81 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2014-15 ਦਾ ਬਜਟ 40 ਕਰੋੜ 20 ਲੱਖ 82 ਹਜ਼ਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2014-15 ਦੇ ਬਜਟ ਅਨੁਮਾਨ ਦੀ ਕੁੱਲ 299 ਕਰੋੜ 68 ਲੱਖ 7 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | |
|---|---|
| 1) ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 55.19% |
| 2) ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 11.86% |
| 3) ਜਨਰਲ ਐਡਮਿਨਿਸਟਰੇਸ਼ਨ | 12.07% |
| 4) ਪ੍ਰੀਖਿਆਵਾਂ ਦਾ ਸੰਚਾਲਨ | 5.24% |
| 5) ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕਰਨ) | 12.97% |
| 6) ਇਮਾਰਤਾਂ ਦੀ ਉਸਾਰੀ | 2.67% |

ਸਾਲ 2013-14 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 2 ਕਰੋੜ 81 ਲੱਖ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 22 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ 2 ਕਰੋੜ 85 ਲੱਖ ਰੁਪਏ ਦੀ ਦਿੱਤੀ ਸਕਾਰਸ਼ਿਪ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀ ਅਤੇ ਕੋਚ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਗਿਆ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਦਿੱਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ-ਦੂਰ ਤੋਂ, ਇੱਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਯੂਨੀਵਰਸਿਟੀ ਵਿਖੇ ਇਸੇ ਅਕਾਦਮਿਕ ਸਾਲ ਤੋਂ ਐਜੂਕੇਸ਼ਨ ਵਿਭਾਗ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਅਧੀਨ ਐਮ.ਐਡ. ਕਲਾਸ ਲਈ ਦਾਖਲੇ ਕੀਤੇ ਗਏ ਹਨ। ਯੂਨੀਵਰਸਿਟੀ ਵੱਲੋਂ ਸਾਲ 2014-15 ਤੋਂ ਕਾਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਨੂੰ ਦੋ ਵਿਭਾਗਾਂ ਵਿਚ ਵੰਡ ਕੇ ਕਾਮਰਸ ਵਿਭਾਗ ਅਤੇ ਯੂਨੀਵਰਸਿਟੀ ਬਿਜ਼ਨੈਸ ਸਕੂਲ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਹੋਰ ਉਚਪਾਏ ਦੀ

ਵਿਦਿਆ ਅਤੇ ਰਿਸਰਚ ਦੇ ਕੰਮ ਨੂੰ ਹੋਰ ਹੁਲਾਰਾ ਦਿੱਤਾ ਜਾ ਸਕੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸਠਿਆਲਾ ਅਧੀਨ ਦੋ ਨਵੇਂ Mechanical ਅਤੇ Civil Engineering ਦੇ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਤਾਂ ਜੋ ਪੇਂਡੂ ਖੇਤਰ ਵਿਚ ਸਿੱਖਿਆ ਨੂੰ ਹੋਰ ਵਧਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਇਨ੍ਹਾਂ ਕੋਰਸਾਂ ਨੂੰ ਕਰਨ ਉਪਰੰਤ ਰੋਜ਼ਗਾਰ ਦੇ ਮੌਕੇ ਮਿਲ ਸਕਣ।ਯੂਨੀਵਰਸਿਟੀ ਵਿਖੇ ਇਸੇ ਸਾਲ ਤੋਂ ਲੜਕੀਆਂ ਵਾਸਤੇ ਚੌਥੇ ਹੋਸਟਲ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਉਪਰੰਤ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੂੰ ਅਲਾਟ ਕਰ ਦਿੱਤਾ ਗਿਆ ਹੈ। ਇਸ ਹੋਸਟਲ ਦੇ ਸ਼ੁਰੂ ਹੋਣ ਨਾਲ ਹਰੇਕ ਲੜਕੀ ਨੂੰ ਰਿਹਾਇਸ਼ ਮੁਹੱਈਆ ਹੋ ਗਈ ਹੈ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਿਛਲੇ ਦੋ ਸਾਲਾਂ ਤੋਂ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਅਤੇ ਇਸ ਸਾਲ ਵੀ ਕੋਈ ਵਾਧਾ ਨਹੀਂ ਕੀਤਾ ਜਾ ਰਿਹਾ।

ਭਾਰਤ ਸਰਕਾਰ ਦੇ ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਵੱਲੋਂ ਯੂਨੀਵਰਸਿਟੀ ਨੂੰ Technical Education Quality Improvement Programme-II(TEQIP-II) ਦੀ ਸਕੀਮ ਤਹਿਤ 10 ਕਰੋੜ ਰੁਪਏ ਦੀ ਗ੍ਰਾਂਟ ਪ੍ਰਵਾਨ ਹੋ ਚੁੱਕੀ ਹੈ, ਜਿਸਦੀ ਪਹਿਲੀ ਕਿਸ਼ਤ 3 ਕਰੋੜ ਰੁਪਏ ਸਾਲ 2014-15 ਵਿਚ ਪ੍ਰਾਪਤ ਹੋਣ ਦੀ ਆਸ ਹੈ। ਯੂ.ਜੀ.ਸੀ. ਦੇ ਬਾਹਰਵੇਂ ਪਲਾਨ ਅਧੀਨ ਪ੍ਰਾਪਤ ਹੋਈ ਗ੍ਰਾਂਟ ਨਾਲ ਆਰਕੀਟੈਕਚਰ ਵਿਭਾਗ ਦੀ ਦੂਜੇ ਅਤੇ ਤੀਸਰੇ ਫਲੋਰ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਕਰਨ ਲਈ 4 ਕਰੋੜ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਜਾ ਚੁੱਕੀ ਹੈ। ਯੂਨੀਵਰਸਿਟੀ ਨੂੰ UPE ਦਾ Status ਪ੍ਰਾਪਤ ਹੋਣ ਕਰਕੇ ਇਸ ਵੇਲੇ ਲਗਭਗ 150 Full-Time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀ ਹੈ, ਨੂੰ 8000 ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000 ਰੁਪਏ ਪ੍ਰਤੀ ਸਾਲ (ਸਾਇੰਸ ਵਿਸ਼ੇ) ਅਤੇ 8000 ਰੁਪਏ ਪ੍ਰਤੀ ਸਾਲ (ਆਰਟਸ ਵਿਸ਼ੇ) ਬਤੌਰ Contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme (ਸਮੇਤ Merged Schemes) ਵਾਸਤੇ 26 ਕਰੋੜ 31 ਲੱਖ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ, ਜਿਸ ਵਿਚੋਂ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/Contingency ਲਈ ਸ਼ਾਮਿਲ ਹਨ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚ ਸਾਲ 2012-13 ਦੌਰਾਨ 2 ਕਰੋੜ 68 ਲੱਖ 13 ਹਜ਼ਾਰ ਰੁਪਏ ਅਤੇ ਸਾਲ 2013-14 ਦੌਰਾਨ 7 ਕਰੋੜ 84 ਲੱਖ 27 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ Centre for the Study of Social Exclusion & Inclusive Policy ਨੂੰ ਬਾਹਰਵੀਂ ਪਲਾਨ ਦੌਰਾਨ ਵੀ ਜਾਰੀ ਰੱਖਣ ਦੀ ਪਰਵਾਨਗੀ ਦਿੱਤੀ ਜਾ ਚੁੱਕੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ DRS-SAP ਸਕੀਮ ਤਹਿਤ ਸਾਲ 2013-14 ਦੌਰਾਨ Sports Medicine & Physiotherapy, History, Microbiology ਅਤੇ Guru Nanak Studies ਵਿਭਾਗਾਂ ਨੂੰ ਗ੍ਰਾਂਟ ਪਰਵਾਨ ਕੀਤੀ ਜਾ ਚੁੱਕੀ ਹੈ। ਵੱਖ-ਵੱਖ Funding Agencies ਪਾਸੋਂ ਅਲੱਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਟਾਂ ਵਿਚੋਂ ਲੱਗਭੱਗ 600 Research Scholars ਵੱਖ-ਵੱਖ ਵਿਸ਼ਿਆਂ 'ਤੇ Research ਦਾ ਕੰਮ ਕਰ ਰਹੇ ਹਨ।

DST-PURSE ਸਕੀਮ ਅਧੀਨ Department of Science & Technology, New Delhi ਵੱਲੋਂ ਪ੍ਰਵਾਨਤ 9 ਕਰੋੜ ਰੁਪਏ ਦੀ ਗ੍ਰਾਂਟ ਦੀ ਦੂਸਰੀ ਕਿਸ਼ਤ 3 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ।

ਯੂ.ਜੀ.ਸੀ. ਵੱਲੋਂ Academic Staff College ਨੂੰ ਬਾਹਰਵੇਂ ਪਲਾਨ ਦੌਰਾਨ ਵੀ ਜਾਰੀ ਰੱਖਣ ਦੀ ਪਰਵਾਨਗੀ ਦਿੱਤੀ ਜਾ ਚੁੱਕੀ ਹੈ।

ਪੰਜਾਬ ਸਰਕਾਰ ਵਲੋਂ ਇਸ ਯੂਨੀਵਰਸਿਟੀ ਨੂੰ ਅਲਾਟ ਕੀਤੇ ਕਾਂਸਟੀਚਿਊਂਟ ਕਾਲਜਾਂ ਦੇ ਹੋਏ ਵਿਸਥਾਰ ਨੂੰ ਵੇਖਦੇ ਹੋਏ ਇਨ੍ਹਾਂ ਕਾਲਜਾਂ ਵਿਚ ਜੋਗਰਾਫੀ, ਗਣਿਤ, ਕਾਮਰਸ, ਇਕਨਾਮਿਕਸ ਅਤੇ ਕੰਪਿਊਟਰ ਦੇ ਨਵੇਂ ਵਿਸ਼ੇ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਕਾਲਜਾਂ ਵਿਚ ਪਿਛਲੇ ਸਾਲ ਦੀ ਵਿਦਿਆਰਥੀਆਂ ਦੀ ਗਿਣਤੀ 4700 ਤੋਂ ਵੱਧ

ਕੇ 6400 ਹੋ ਗਈ ਹੈ, ਜੋ ਇਨ੍ਹਾਂ ਕਾਲਜਾਂ ਵਿਚ ਹੋ ਰਹੀ ਪ੍ਰਗਤੀ ਨੂੰ ਦਰਸਾਉਂਦਾ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅਤੇ ਮਹਾਰਾਜਾ ਰਣਜੀਤ ਸਿੰਘ ਭਵਨ ਦੀ ਚੌਥੀ ਮੰਜ਼ਿਲ ਦੀ ਉਸਾਰੀ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ, ਜਦਕਿ ਲੜਕੀਆਂ ਦੇ ਹੋਸਟਲ ਅਤੇ ਲੈਕਚਰ ਥੀਏਟਰ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਅਕੈਡਮਿਕ ਬਿਲਡਿੰਗ, ਸੁਲਤਾਨਪੁਰ ਲੋਧੀ ਵਿਖੇ ਆਈ.ਟੀ. ਬਿਲਡਿੰਗ ਅਤੇ ਬਾਊਂਡਰੀ ਵਾਲ ਦੀ ਉਸਾਰੀ ਦਾ ਕੰਮ ਵੀ ਚੱਲ ਰਿਹਾ ਹੈ। ਇਸ ਦੇ ਨਾਲ ਹੀ ਯੂਨੀਵਰਸਿਟੀ ਕੈਂਪਸ, ਸਠਿਆਲਾ ਵਿਖੇ ਵੀ ਇਮਾਰਤਾਂ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਜਿਸ ਵਿਚ ਲੜਕੇ ਅਤੇ ਲੜਕੀਆਂ ਦੇ ਹੋਸਟਲ, ਅਕੈਡਮਿਕ ਬਿਲਡਿੰਗ ਅਤੇ ਐਡਮਿਨ ਬਲਾਕ ਦੀ ਬਿਲਡਿੰਗ ਸ਼ਾਮਲ ਹੈ।

**ਪਾਸ ਹੋਇਆ** ਕਿ ਵਿੱਤੀ ਸਾਲ 2014-15 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿੱਤ ਕਮੇਟੀ ਦੀਆਂ ਮਿਤੀ 17.2.2014 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ (ਟੀਚਿੰਗ) ਦੀ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦਾ ਕੰਮ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਣ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ (ਟੀਚਿੰਗ) ਦੀ ਮਿਤੀ 9.11.2013 ਤੋਂ 22.11.2013 ਤੱਕ 14 ਦਿਨਾਂ ਦੀ ਕਮਾਈ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪੀ ਹੈ।

**ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 15.3.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ/ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 03.1.2014 ਦੀ ਇਕ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 4.1.2014 ਤੋਂ 3.7.2014 ਤੱਕ ਛੇ ਮਹੀਨੇ ਲਈ 12,663/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਡਿਊਟੀ ‘ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2014 ਤੋਂ 31.1.2015 ਤੱਕ ਇਕ ਸਾਲ ਲਈ ਪਹਿਲੀਆਂ ਹੀ

ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ੲ) ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 25.1.2014 ਤੋਂ 27.1.2014 ਤੱਕ ਤਿੰਨ ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 28.1.2014 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ (ਜੋ ਵੀ ਪਹਿਲਾਂ ਹੋਵੇ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ਸ) ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਈਕ੍ਰੋਬਿਆਲੋਜੀ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 13.2.2014 ਤੋਂ 14.2.2014 ਤੱਕ ਦੋ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 15.2.2014 ਤੋਂ 30.4.2014 ਤੱਕ ਜਾਂ ਅਸਾਮੀ ਬਕਾਇਦਾ ਪੱਕੇ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 8000/- ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

ਸ੍ਰੀਮਤੀ ਅਮਰਜੀਤ ਕੌਰ, ਪ੍ਰੋਫੈਸ਼ਨਲ ਸਹਾਇਕ (ਸੇਵਾ-ਮੁਕਤ). ਸੋਸ਼ਿਆਲੋਜੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।

7. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਅਮਰਜੀਤ ਕੌਰ, ਪ੍ਰੋਫੈਸ਼ਨਲ ਸਹਾਇਕ (ਸੇਵਾ-ਮੁਕਤ), ਸੋਸ਼ਿਆਲੋਜੀ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 3.3.2014 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

ਸਰਦਾਰ ਜਸਵੰਤ ਸਿੰਘ ਰਾਏ ਮੈਮੋਰੀਅਲ ਟ੍ਰਸੱਟ ਅਤੇ ਇਸ ਯੂਨੀਵਰਸਿਟੀ ਵਿਚ ਕੀਤਾ MOU ਜਾਰੀ ਰੱਖਣ ਸਬੰਧੀ।

8. ਲਾਈਫ ਸਾਇੰਸਜ਼ ਫੈਕਲਟੀ ਅਧੀਨ ਸ. ਜਸਵੰਤ ਸਿੰਘ ਰਾਏ ਮੈਮੋਰੀਅਲ ਪਬਲਿਕ ਟ੍ਰਸੱਟ, ਰੰਧਾਵਾ ਮਸੰਦਾ, ਜਲੰਧਰ ਨਾਲ ਇਸ ਯੂਨੀਵਰਸਿਟੀ ਵਿਖੇ ਕੀਤੇ MOU ਅਧੀਨ ਪਹਿਲਾਂ ਸਥਾਪਤ ਸ. ਜਸਵੰਤ ਸਿੰਘ ਰਾਏ ਵਿਜ਼ਟਿੰਗ ਲੈਕਚਰਰਸ਼ਿਪ ਨੂੰ ਅੱਗੋਂ ਜਾਰੀ ਰੱਖਣ ਸਬੰਧੀ ਉਕਤ ਟ੍ਰੱਸਟ ਅਤੇ ਯੂਨੀਵਰਸਿਟੀ ਵਿਚਕਾਰ ਹੇਠ ਲਿਖੀਆਂ ਸ਼ਰਤਾਂ 'ਤੇ ਵਿਚਾਰ ਹੋਈ:-

1. The Jaswant Singh Rai Memorial Lecture be extended for the period of ad-infinitum, without any formal need to request additional renewals.
2. An additional amount of Rs. Three Lac is to be endowed to make the corps Five Lac.
3. A new MoU should be executed to reflect the amount of increased Honorarium of Rs. 20,000/-.
4. Department of Pharmaceutical Science should be added as $7^{th}$ department to hold the Lecture rotationwise.
5. A committee chaired by Dean Academic Affairs be re-instated for overall supervision.

**ਪਾਸ ਹੋਇਆ** ਕਿ ਲਾਈਫ ਸਾਇੰਸਜ਼ ਫੈਕਲਟੀ ਅਧੀਨ ਸ. ਜਸਵੰਤ ਸਿੰਘ ਰਾਏ ਮੈਮੋਰੀਅਲ ਪਬਲਿਕ ਟ੍ਰਸੱਟ, ਰੰਧਾਵਾ ਮਸੰਦਾ, ਜਲੰਧਰ ਨਾਲ ਇਸ ਯੂਨੀਵਰਸਿਟੀ ਵਿਖੇ ਕੀਤੇ MOU ਅਧੀਨ ਪਹਿਲਾਂ ਸਥਾਪਤ ਸ. ਜਸਵੰਤ ਸਿੰਘ ਰਾਏ ਵਿਜ਼ਟਿੰਗ ਲੈਕਚਰਰਸ਼ਿਪ ਨੂੰ ਅੱਗੋਂ ਜਾਰੀ ਰੱਖਣ ਸਬੰਧੀ ਉਕਤ ਟ੍ਰੱਸਟ ਅਤੇ ਯੂਨੀਵਰਸਿਟੀ ਵਿਚਕਾਰ ਹੇਠ ਲਿਖੀਆਂ ਸ਼ਰਤਾਂ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. The Jaswant Singh Rai Memorial Lecture be extended for the period of ad-infinitum, without any formal need to request additional renewals.

2. An additional amount of Rs. Three Lac is to be endowed to make the corps Five Lac.
3. A new MoU should be executed to reflect the reasonable amount of Honorarium to resource person.
4. Department of Pharmaceutical Science should be added as 7th department to hold the Lecture rotationwise.
5. A committee chaired by Dean Academic Affairs be re-instated for overall supervision.

ਯੂਨੀਵਰਸਿਟੀ ਦੀ 40ਵੀਂ ਕਨਵੋਕੇਸ਼ਨ ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ:-

(ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 40ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪਰਵਾਨਗੀ ਦਿੱਤੀ ਹੈ :-

| | |
|---|---|
| 1. ਪੀਐਚ.ਡੀ. | ਸਾਰੇ ਉਮੀਦਵਾਰ |
| 2. ਐਮ. ਫਿਲ. | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫ਼ਿਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 40ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫ਼ਿਲ. | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

ਸਬੰਧਤ ਰਿਜਨਲ ਕੈਂਪਸ/ਕਾਨਸਟੀਚੂਐਂਟ ਕਾਲਜਾਂ ਵਿਖੇ ਨਵੇਂ ਕੋਰਸ/ਵਿਸ਼ੇ ਸ਼ੁਰੂ ਕਰਨ ਦੀ ਪਰਵਾਨਗੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਤੋਂ ਹੇਠ ਲਿਖੇ ਰਿਜਨਲ ਕੈਂਪਸ/ਕਾਨਸਟੀਚੂਐਂਟ ਕਾਲਜਾਂ ਵਿਖੇ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਨਵੇਂ ਕੋਰਸ/ਵਿਸ਼ੇ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | ਰਿਜਨਲ ਕੈਂਪਸ/ ਕਾਨਸਟੀਚੂਐਂਟ ਕਾਲਜ ਦਾ ਨਾਮ | ਕੋਰਸ/ਵਿਸ਼ੇ ਦਾ ਨਾਮ |
|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ | 1. ਬੀ.ਟੈਕ. (ਸਿਵਲ) - 60 ਸੀਟਾਂ<br>2. ਬੀ.ਟੈਕ. (ਮਕੈਨੀਕਲ) - 60 ਸੀਟਾਂ<br>3. ਐਮ.ਸੀ.ਏ. - 60 ਸੀਟਾਂ |

| | | |
|---|---|---|
| 2. | ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ | 1. ਐਮ.ਕਾਮ. ਸਮੈਸਟਰ-ਪਹਿਲਾ ਅਤੇ ਤੀਜਾ<br>2. ਪੀ.ਜੀ. ਡਿਪਲੋਮਾ ਇਨ ਵੈਬ ਡਿਜ਼ਾਈਨਿੰਗ |
| 3. | ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ(ਕਪੂਰਥਲਾ) | 1. ਬੀ.ਐਸਸੀ. (ਫੈਸ਼ਨ ਡਿਜ਼ਾਈਨਿੰਗ)<br>2. ਮਿਊਜ਼ਕ (ਇੰਸਟਰੂਮੈਂਟਲ) (ਵਿਸ਼ਾ) ਬੀ.ਏ. ਭਾਗ ਪਹਿਲਾ<br>3. ਫੰਕਸ਼ਨਲ ਇੰਗਲਿਸ਼ (ਵਿਸ਼ਾ) ਬੀ.ਏ. ਭਾਗ ਪਹਿਲਾ |

**ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਦੋ ਵਿਸ਼ੇ ਦੁਬਾਰਾ ਸ਼ੁਰੂ ਕਰਨ ਦੀ ਪਰਵਾਨਗੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸਠਿਆਲਾ ਵਿਖੇ ਗ੍ਰੈਜੂਏਟ ਪੱਧਰ ‘ਤੇ ਇਲੈਕਟਿਵ ਪੰਜਾਬੀ ਅਤੇ ਫਿਜ਼ੀਕਲ ਐਜੂਕੇਸ਼ਨ ਵਿਸ਼ੇ ਦੁਬਾਰਾ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ **ਨੋਟ ਕੀਤਾ** ਕਿ ਉਕਤ ਦੋਵੇਂ ਵਿਸ਼ੇ ਸ੍ਰੀ ਗੁਰੂ ਤੇਗ ਬਹਾਦੁਰ ਕਾਲਜ, ਸਠਿਆਲਾ ਵਿਖੇ ਸੈਸ਼ਨ 2011 ਤੋਂ Kept in abeyance ਰੱਖੇ ਗਏ ਸਨ।

**ਸੇਵਾ ਦੇਵੀ ਐਸ.ਡੀ. ਕਾਲਜ ਆਫ ਐਜੂਕੇਸ਼ਨ, ਤਰਨ ਤਾਰਨ ਨੂੰ ਪੱਕੀ ਸਬੰਧਤਾ ਪਰਦਾਨ ਕਰਨ ਦੀ ਪਰਵਾਨਗੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਦੀ ਮਿਤੀ 9.11.2013 ਦੀ ਰਿਪੋਰਟ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸੇਵਾ ਦੇਵੀ ਐਸ.ਡੀ. ਕਾਲਜ ਆਫ ਐਜੂਕੇਸ਼ਨ, ਤਰਨ ਤਾਰਨ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਂਦੀ ਹੈ।

**ਪੰਚਮ ਸਿਟੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਕੋਲੋਂ ਬਾਕੀ ਬਣਦੀ ਰਕਮ ਵਸੂਲ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪੰਚਮ ਸਿਟੀ ਕਾਲਜ ਫਾਰ ਵੂਮੈਨ, 100 ਫੁੱਟੀ ਰੋਡ, ਅੰਮ੍ਰਿਤਸਰ ਕੋਲੋਂ ਲੇਟ ਫੀਸ ਦੀ ਬਣਦੀ ਰਕਮ ਵਸੂਲ ਕਰਨ ਸਬੰਧੀ ਗਠਿਤ ਕੀਤੀ ਕਮੇਟੀ ਦੀ ਇੱਕਤਰਤਾ ਮਿਤੀ 20.1.2014 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ।

**ਸਬੰਧਤ ਸ਼ਾਖਾਵਾਂ/ ਵਿਭਾਗਾਂ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਜਨਰਲ ਸ਼ਾਖਾ ਵਿਖੇ 14,76,214-07 ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 19.12.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਵਹੀਕਲ ਸੈਕਸ਼ਨ ਦੇ 12,44,885/- ਰੁਪਏ ਕੀਮਤ ਦੇ ਤਿੰਨ ਵਾਹਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ

26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 15.1.2014 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ 3,86,999/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 9.12.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਸ) ਬਾਇਓ-ਟੈਕਨਾਲੋਜੀ ਵਿਭਾਗ ਵਿਖੇ 20,09,699-8 ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 2.12.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**LL.M. ਅਤੇ MCA (FYIC) ਦੇ ਵਿਦਿਆਰਥੀਆਂ** ਨੂੰ ਜੁਰਮਾਨਾ ਫੀਸ ਸਹਿਤ Dissertation/Project Report ਜਮ੍ਹਾਂ ਕਰਵਾਉਣ ਦੀ ਪਰਵਾਨਗੀ।

15. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਵਿਖੇ LL.M. ਸਮੈਸਟਰ-ਚੋਥਾ, ਸੈਸ਼ਨ 1999-2001 ਦੀ ਵਿਦਿਆਰਥਣ-ਸੀਮਾ ਆਹੂਜਾ ਰੋਲ ਨੰ:304, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 30.6.2004 ਤੱਕ ਆਪਣਾ Dissertation ਜਮ੍ਹਾਂ ਨਹੀਂ ਕਰਵਾ ਸਕੀ, ਦੇ ਭਵਿੱਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ Dissertation ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਐਮ.ਸੀ.ਏ. (ਪੰਜ ਸਾਲਾ ਇੰਟੈਗਰੇਟਿਡ ਕੋਰਸ) ਸਮੈਸਟਰ- ਗਿਆਰਵਾਂ, ਸੈਸ਼ਨ 2006-2011 ਦਾ ਵਿਦਿਆਰਥੀ- ਸਿਕੰਦਰ ਸਿੰਘ, ਰੋਲ ਨੰ: 473004, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.12.2012 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕਿਆ, ਦੇ ਭਵਿੱਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

16. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ:-

1) ਸੈਸ਼ਨ 2014-15 ਲਈ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਫੈਕਲਟੀ ਦੀ ਇਕੱਤਰਤਾ ਮਿਤੀ 25.10.2013 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

**(i) Eligibility for Bachelor of Internet and Mobile Technologies from the session 2014-15**

(a) 10+2 examination with 40% marks.

**OR**

(b) Any other examination with 40% marks recognized equivalent to (a) above by the Guru Nanak Dev University, Amritsar.

(ਪੈਰਾ E (I)(8))

**(ii) Eligibility for Post Graduate Diploma in Remote Sensing and Geographical Information System (GIS) (New Course) from the session 2014-15**

**"**Graduation in any stream with minimum 50% marks of Guru Nanak Dev University, Amritsar or any other examination recognized equivalent thereto.**"**

(ਪੈਰਾ E(II)(6))

2) ਸੈਸ਼ਨ 2014-15 ਲਈ ਲਾਈਫ ਸਾਇੰਸਜ਼ ਫੈਕਲਟੀ ਦੀ ਇਕੱਤਰਤਾ ਮਿਤੀ 15.11.2013 ਦੀ ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

**Eligibilty for M.Sc.(HS) (CBCEGS) from the session 2014-15**

"B.Sc. (HS) Human Genetics, GNDU with at least 5.62 CGPA or 50% Marks in aggregate."

(ਪੈਰਾ G (IV)(3))

3) ਸੈਸ਼ਨ 2014-15 ਲਈ ਐਜੂਕੇਸ਼ਨ ਫੈਕਲਟੀ ਦੀ ਇਕੱਤਰਤਾ ਮਿਤੀ 5.11.2013 ਦੀਆਂ **B.Ed. Special Education (MR) (New Course)** ਦੇ ਅਧਿਆਦੇਸ਼ਾਂ ਸਬੰਧੀ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਪੈਰਾ I(IV)(6))

4) ਸੈਸ਼ਨ 2014-15 ਲਈ ਲੈਂਗੂਏਜ਼ਿਜ਼ ਫੈਕਲਟੀ ਦੀ ਇਕੱਤਰਤਾ ਮਿਤੀ 20.11.2013 ਦੀ ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

"Nomenclature of **P.G. Diploma in Translation** is changed to **P.G. Diploma in Translation (Hindi)**"

(ਪੈਰਾ K(VI)(11))

5) ਉਪ-ਕੁਲਪਤੀ ਸਾਹਿਬ ਦੁਆਰਾ ਗਠਿਤ ਕਮੇਟੀਆਂ ਵੱਲੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੇ ਮਿਆਦੀ ਨਿਰੀਖਣ (Periodical Inspection) ਦੀ ਰਿਪੋਰਟ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਪੈਰਾ O)

6) ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ:-

(i) ਸੈਸ਼ਨ 2013-14 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ **ਅੰਤਿਕਾ** ਅਨੁਸਾਰ ਨਵੇ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜੀ ਸਬੰਧਤਾ ਦਿੱਤੀ ਹੈ।

(ii) ਯੂਨੀਵਰਸਿਟੀ ਵੱਲੋਂ ਸੈਸ਼ਨ 2013-14 ਤੋਂ **ਅੰਤਿਕਾ** ਅਨੁਸਾਰ ਨਵੇ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜੀ ਸਬੰਧਤਾ ਦਿੱਤੀ ਹੈ।

(ਪੈਰਾ P)

7) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ Credit Based Continous Evaluation Grading System ਕੋਰਸਾਂ ਦੇ ਅਧਿਆਦੇਸ਼ਾਂ ਵਿਚ Credit Hours ਵਿਚ ਹੇਠ ਲਿਖੇ ਅਨੁਸਾਰ ਤਬਦੀਲੀ ਕਰਨ ਦੀ ਪਰਵਾਨਗੀ ਦਿੱਤੀ ਹੈ:-

| **Name of Course** | **Existing Minimum Credits** | **Proposed Minimum Credits** |
|---|---|---|
| For all M.Tech., M.Pharma, M. Architecture, Master in Planning (Infrastructure) & LL.M. | 70 | 60 |

**Note:-** For above courses, a candidate has to register for a minimum of 15 credits in a Semester.

(ਪੈਰਾ R)

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੀਆਂ ਉਕਤ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 17.6.2013 ਦੀ ਮੱਦ ਨੰ:1 ਵਿਚ ਦਿੱਤੀ ਟਿੱਪਣੀ 'delete' ਕਰਨ ਦੀ ਪਰਵਾਨਗੀ।

17. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 17.6.2013 ਦੀ ਕਾਰਵਾਈ, ਜੋ ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2013 ਦੀ ਮੱਦ ਨੰ: 16 ਰਾਹੀਂ ਪਾਸ ਹੋ ਚੁੱਕੀ ਹੈ, ਦੀ ਮੱਦ ਨੰ: 1 ਵਿਚ ਦਿੱਤੀ ਹੇਠ ਲਿਖੀ ਟਿਪਣੀ 'delete' ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

ਰੈਗੂਲੇਸ਼ਨਜ਼ ਕਮੇਟੀ ਦੀ ਟਿੱਪਣੀ

"ਰੈਗੂਲੇਸ਼ਨਜ਼ ਕਮੇਟੀ ਦਾ ਵਿਚਾਰ ਹੈ ਕਿ ਨਿਯਮਾਂ ਨੂੰ ਮੁੱਖ ਰੱਖਦਿਆਂ ਨਿਮਨ ਲਿਖਤ ਨੋਟ ਵੀ ਪਾ ਦਿੱਤਾ ਜਾਵੇ:-

Note:- As per sub clause 22(1) of the University Act at page xx, the amendment of the above 'ਅ' will take effect from the date of the approval of the statute from the Chancellor as mentioned at 'ੳ' above."

ਮਿਤੀ 1.4.2014 ਤੋਂ 31.3.2015 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

18. ਮਿਤੀ 1.4.2014 ਤੋਂ 31.3.2015 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਤੇ ਵਿਚਾਰ ਹੋਈ:-

| ਲੜੀ ਨੰ: | ਅਹੁਦਾ |
|---|---|
| (ੳ) 1. | ਡੀਨ, ਅਕਾਦਮਿਕ ਮਾਮਲੇ |
| 2. | ਡੀਨ, ਵਿਦਿਆਰਥੀ ਭਲਾਈ |
| 3. | ਡੀਨ, ਅਲੁਮਨੀ ਐਸੋਸੀਏਸ਼ਨ |

ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ

4. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ

5. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

(ਅ) 1. Co-ordinator, Centre for study of Social Exclusion & Inclusive Policy

2. ਡਾਇਰੈਕਟਰ, ਹਾਸਪੀਟੈਲਿਟੀ

3. ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ
4. Director, AIS Centre
5. Director, Department of Life-Long Learning
6. ਡਾਇਰੈਕਟਰ, ਰਿਸਰਚ
7. ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
8. ਕੋਆਰਡੀਨੇਟਰ, ਐਜੂਸੈਟ
9. ਪ੍ਰੋਫੈਸਰ ਇੰਚਾਰਜ਼, ਵਿਤ ਤੇ ਵਿਕਾਸ
10. Co-ordinator, University Industry Linkage Programme
11. Nodel Officer, Intellectual Property Rights Cell (IPRs Cell)
12. ਪ੍ਰੋਫੈਸਰ ਇੰਚਾਰਜ਼ (ਪ੍ਰੀਖਿਆਵਾਂ)
13. ਪ੍ਰੋਫੈਸਰ ਇੰਚਾਰਜ਼ (ਪਬਲਿਕ ਰਿਲੇਸ਼ਨਜ਼)
14. ਪ੍ਰੋਫੈਸਰ ਇੰਚਾਰਜ਼ (ਪਬਲੀਕੇਸ਼ਨ ਬਿਊਰੋ)
15. ਡੀਨ, ਕਾਲਜ ਵਿਕਾਸ ਕੌਂਸਿਲ
16. ਡਾਇਰੈਕਟਰ, ਗੁਰੂ ਨਾਨਕ ਸਟੱਡੀ ਸੈਂਟਰ
17. Professor Incharge (Central Time-Table Grading System)
18. ਰੀਡਰ, ਅਕਾਦਮਿਕ ਸਟਾਫ ਕਾਲਜ
19. ਪ੍ਰੋਫੈਸਰ ਇੰਚਾਰਜ਼, ਹੈਰੀਟੇਜ ਮਿਊਜ਼ਿਅਮ
20. ਇੰਚਾਰਜ਼, ਕਾਂਸਟੀਚੂਐਂਟ ਕਾਲਜਾਂ ਅਤੇ ਰਿਜਨਲ ਕੈਂਪਸ, ਸਠਿਆਲਾ ਅਤੇ ਫੱਤੂ ਢੀਂਗਾ।
21. Co-ordinator, HPLC Mass Spectrometer (Central Facility)
22. Chief Information Security Officer, Indian Computer Emergency Response Team(CERT-in).

**ਪਾਸ ਹੋਇਆ** ਕਿ ਮਿਤੀ 1.4.2014 ਤੋਂ 31.3.2015 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਉਕਤ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੋਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

19. ਮਿਤੀ 1.4.2014 ਤੋਂ 31.3.2015 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ 'ਤੇ ਵਿਚਾਰ ਹੋਈ:-

1. ਪਬਲੀਕੇਸ਼ਨ ਕਮੇਟੀ
2. ਕੈਂਪਸ ਕਮੇਟੀ
3. ਮੈਡੀਕਲ /ਹੈਲਥ ਕਮੇਟੀ
4. ਫਾਰਮ ਐਂਡ ਲੈਂਡ ਸਕੇਪ ਕਮੇਟੀ
5. ਕਲਚਰਲ ਕਮੇਟੀ
6. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ
7. ਪਲਾਨਿੰਗ ਬੋਰਡ

**ਰਿਜਨਲ ਕੈਂਪਸ, ਜਲੰਧਰ**

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ
5. ਸਪੋਰਟਸ ਕਮੇਟੀ
6. ਵੋਮੈਨ ਵੈਲਫੇਅਰ ਕਮੇਟੀ

ਰਿਜਨਲ ਕੈਂਪਸ, ਗੁਰਦਾਸਪੁਰ

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

**ਪਾਸ ਹੋਇਆ** ਕਿ ਮਿਤੀ 1.4.2014 ਤੋਂ 31.3.2015 ਤੱਕ ਦੇ ਸਮੇਂ ਲਈ ਉਕਤ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਵਨੀਤਾ, ਹਿਊਮਨ ਜੈਨੇਟਿਕਸ ਵਿਭਾਗ ਨੂੰ 37400-67000+9000 AGP ਸਕੇਲ ਵਿਚ ਪਲੇਸ ਕਰਨ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀ-ਡੈਜ਼ੀਗਨੇਟ ਕਰਨ ਦੀ ਪਰਵਾਨਗੀ ਸਬੰਧੀ।**

20. ਆਡਿਟ ਇਤਰਾਜ ਦੀ ਪੂਰਤੀ ਲਈ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਵਨੀਤਾ, ਹਿਊਮਨ ਜੈਨੇਟਿਕਸ ਵਿਭਾਗ ਨੂੰ UGC Regulation 2010 ਅਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਦੇ ਆਧਾਰ 'ਤੇ ਮਿਤੀ 16.3.2010 ਤੋਂ 37400-67000+9000AGP ਦੇ ਸਕੇਲ ਵਿਚ ਪਲੇਸ ਕਰਨ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪਰਵਾਨਗੀ ਦਿੱਤੀ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇੰਕਰੀਮੈਂਟ ਦੇਣੀ ਹੈ/ ਇੰਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ੍ਰੀਮਤੀ ਬਲਜੀਤ ਕੌਰ, ਨਿਗਰਾਨ | 4 ਸਾਲਾ | 3.2.2014 ਤੋਂ 810/- | 22290+5400G.P. = 27690/- |

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

22. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਮਨਦੀਪ ਕੌਰ ਬੱਲ | Characterization and Gas Sensing Properties of Thermally Oxidized Zinc and Indium Films. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 2. | ਕੁਸਮ ਦੇਵਗਨ | Structural, Optical and Thermal Properties of Ion Induced Polymers. | - ਉਹੀ - |

| | | | |
|---|---|---|---|
| 3. | ਅਮਨਦੀਪ ਕੌਰ | Education Among Punjabi Women: Role of Sikh Institutions (Late Nineteenth- Early Twentieth Century) | ਹਿਸਟਰੀ– ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 4. | ਮੋਨਿਕਾ ਸ਼ਰਮਾ | Financial Dynamics of Universities: A Case Study of Punjab Technical University, Jalandhar. | ਬਿਜ਼ਨੈਸ ਐਡਮਿਨਿਸਟ੍ਰੇਸ਼ਨ– ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 5. | ਵਰਸ਼ਾ ਸੂਦ | Technical Efficiency and Total Factor Productivity Growth of Regional Rural Banks in India. | ਇਕਨਾਮਿਕਸ– ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 6. | ਗੁਰਪ੍ਰੀਤ ਕੌਰ | Distribution Strategies of Life Insurance Business in India. | ਕਾਮਰਸ– ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 7. | Idrees Ahmed | Morphological, Thermal and Functional Properties of Native/Modified Proteins and Starch of Kidney Beans (Phaseolus vulgaris L.) and Mash Beans (Phaselous mungo L.) | ਫੂਡ ਸਾਇੰਸ ਤੇ ਟੈਕਨਾਲੋਜੀ– ਸਾਇੰਸਜ਼ ਫੈਕਲਟੀ। |
| 8. | ਭਵਨੀਤ ਕੌਰ | Stabilization of Interdomain routing Protocol. | ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ– ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 9. | ਚਰਨਜੀਤ ਕੌਰ | Kazakhstan's Role in Regional Cooperation in Central Asia (1991-2008). | ਪੋਲੀਟੀਕਲ ਸਾਇੰਸ– ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 10. | ਪ੍ਰਤੀਮਾ ਸ਼ਰਮਾ | Health Risk Factors in Coronary Heart Disease: A Psycho-Social Perspective. | ਸਾਈਕਾਲੋਜੀ– ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 11. | ਨੀਤੀ ਬਾਵਾ | A study of Burnout in Relation to Occupational stress, Self-Efficacy, Hardiness and Coping Strategies among Police Officials. | – ਉਹੀ – |
| 12. | ਰਾਕੇਸ਼ ਭਾਰਤੀ | A Study of Certain Cognitive and Non-Cognitive Variables in Relation to Emotional Intelligence of Student-Teachers. | ਐਜੂਕੇਸ਼ਨ– ਐਜੂਕੇਸ਼ਨ ਫੈਕਲਟੀ। |
| 13. | ਹਰਭਜਨ ਸਿੰਘ | ਪਾਕਿਸਤਾਨੀ ਪੰਜਾਬੀ ਕਵਿਤਾ ਦਾ ਸੁਹਜ–ਸ਼ਾਸਤਰ। | ਪੰਜਾਬੀ– ਲੈਂਗੁਏਜ਼ਿਜ਼ ਫੈਕਲਟੀ। |
| 14. | ਪਰਦੀਪ ਕੌਰ | ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਮਿਥ ਰੂਪਾਂਤਰਣ। | – ਉਹੀ – |
| 15. | ਆਰਤੀ ਸ਼ਰਮਾ | Maitriyee Pushpa Ke Upanyas: Shilpgat Adhyayan. | ਹਿੰਦੀ– ਲੈਂਗੁਏਜ਼ਿਜ਼ ਫੈਕਲਟੀ। |
| 16. | ਸੰਦੀਪ ਕੁਮਾਰ | 1-/2-Aryl-benzimidazole Based Molecular Architects as Optical Probes for Anions. | ਕੈਮਿਸਟਰੀ– ਸਾਇੰਸਜ਼ ਫੈਕਲਟੀ। |

ਉਪ-ਕੁਲਪਤੀ ਸਾਹਿਬ ਦਾ ਬਿਆਨ।

23. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 15 ਜਨਵਰੀ ਨੂੰ ਕੈਨੇਡਾ ਦੇ ਮੈਂਬਰ ਪਾਰਲੀਮੈਂਟ Kevin Lamoureux ਨੇ ਯੂਨੀਵਰਸਿਟੀ ਦਾ ਦੌਰਾ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਦੇ ਮਿਆਰੀ ਦਰਜੇ ਦੇ ਅਕਾਦਮਿਕ, ਖੇਡ ਅਤੇ ਸੱਭਿਆਚਾਰਕ ਢਾਂਚੇ ਤੇ ਤੱਸਲੀ ਪ੍ਰਗਟ ਕੀਤੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਕੈਨੇਡਾ ਦੇ ਉਚੇਰੀ ਸਿੱਖਿਆ ਦੇ ਅਦਾਰਿਆਂ ਵਿੱਚ ਸਮਝੌਤੇ ਕਰਨ ਦੀ ਇੱਛਾ ਜ਼ਾਹਿਰ ਕੀਤੀ।

2. (ੳ) 30 ਜਨਵਰੀ ਨੂੰ ਯੂਨੀਵਰਸਿਟੀ ਨੇ RWTH Aachen University, Germany ਦੇ ਡਾਇਰੈਕਟਰ Dr. H.C. Bernhard Bluemich ਨਾਲ ਵਿਗਿਆਨ ਅਤੇ ਖੋਜ ਨਾਲ ਸਬੰਧਤ ਗਤੀਵਿਧੀਆਂ ਦੇ ਵਿਕਾਸ ਲਈ ਇਕ ਸਮਝੌਤੇ ਤੇ ਦਸਤਖਤ ਕੀਤੇ, ਜਿਸ ਦੀ ਮਿਆਦ ਪੰਜ ਸਾਲ ਹੋਵੇਗੀ ਅਤੇ ਲੋੜ ਪੈਣ ਤੇ ਵਧਾਈ ਜਾ ਸਕੇਗੀ। ਇਸ ਤਹਿਤ ਦੋਵਾਂ ਯੂਨੀਵਰਸਿਟੀਆਂ ਵਲੋਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਆਦਾਨ-ਪ੍ਰਦਾਨ ਤੋਂ ਇਲਾਵਾ ਸਮੇਂ ਸਮੇਂ 'ਤੇ ਕਾਨਫਰੰਸ, ਸੈਮੀਨਾਰ ਅਤੇ ਸਿੰਪੋਜ਼ੀਅਮ ਕਰਵਾਏ ਜਾਣਗੇ।

(ਅ) ਇਸ ਤੋਂ ਇਲਾਵਾ Dr. Bluemich ਨੇ ਆਪਣੀ ਫੇਰੀ ਦੌਰਾਨ ਕੈਮਿਸਟਰੀ ਵਿਭਾਗ ਦੇ ਵਿਦਿਆਰਥੀਆਂ ਨੂੰ Nuclear Magnetic Resonance Relaxation Spectroscopy Image- A short course NMR for chemistry students ਵਿਸ਼ੇ ਤੇ ਇਕ ਵਿਸ਼ੇਸ਼ ਲੈਕਚਰ ਦਿਤਾ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ Adventures with Magnetic resonance ਵਿਸ਼ੇ ਤੇ ਇਕ ਪਬਲਿਕ ਲੈਕਚਰ ਵੀ ਦਿੱਤਾ।

3. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਦਸੰਬਰ, 2013 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਨੈਸ਼ਨਲ/ਮਲਟੀ ਨੈਸ਼ਨਲ ਕੰਪਨੀਆਂ ਵਲੋਂ 53 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2014 ਦੇ ਕੁੱਲ 308 ਵਿਦਿਆਰਥੀਆਂ ਨੂੰ ਨੌਕਰੀ ਲਈ ਪੇਸ਼ਕਸ਼ ਹੋ ਚੁੱਕੀ ਹੈ। ਇਸ ਵਾਰ Germany ਦੀ ਇੱਕ ਕੰਪਨੀ ਆਈ ਸੀ। ਉਸ ਵੱਲੋਂ ਵਿਦਿਆਰਥੀਆਂ ਨੂੰ 5.00 ਲੱਖ ਰੁਪਏ ਦਾ package ਦਿੱਤਾ ਗਿਆ ਅਤੇ ਇੱਕ ਵਿਦਿਆਰਥੀ ਨੂੰ 9.00 ਲੱਖ ਰੁਪਏ ਦਾ package ਦਿੱਤਾ ਗਿਆ।

4. ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਵਿਖੇ ਮਿਤੀ 18-22 ਫਰਵਰੀ, 2014 ਨੂੰ ਆਯੋਜਿਤ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿਚ ਯੂਨੀਵਰਸਿਟੀ ਨੇ 4 ਆਈਟਮਾਂ ਵਿਚ ਪਹਿਲਾ ਸਥਾਨ, 3 ਆਈਟਮਾਂ ਵਿਚ ਦੂਜਾ ਅਤੇ 2 ਆਈਟਮਾਂ ਵਿਚ ਤੀਜਾ ਸਥਾਨ ਹਾਸਲ ਕਰਦੇ ਹੋਏ ਓਵਰਆਲ ਚੈਂਪੀਅਨਸ਼ਿਪ ਟਰਾਫੀ ਹਾਸਲ ਕੀਤੀ ਹੈ। ਇਸ ਦੇ ਨਾਲ-ਨਾਲ AIU ਦੀ ਸੰਗੀਤ ਟਰਾਫੀ ਵੀ ਹਾਸਲ ਕੀਤੀ ਹੈ।

5. 6-8 ਫਰਵਰੀ ਨੂੰ ਯੂਨੀਵਰਸਿਟੀ ਆਫ ਰਾਜਸਥਾਨ, ਜੈਪੁਰ ਵਿਖੇ ਹੋਏ ਅੰਤਰ-ਰਾਸ਼ਟਰੀ ਯੂਥ ਫੈਸਟੀਵਲ ਵਿਚ ਯੂਨੀਵਰਸਿਟੀ ਨੇ ਵੱਖ-ਵੱਖ ਆਈਟਮਾਂ ਵਿਚ ਵਧੀਆ ਪ੍ਰਦਰਸ਼ਨ ਕਰਦੇ ਹੋਏ Overall Best Position ਹਾਸਲ ਕੀਤੀ।

6. 1-8 ਫਰਵਰੀ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋਏ All India Inter-University Judo Championship (ਪੁਰਸ਼ ਅਤੇ ਮਹਿਲਾਵਾਂ) ਮੁਕਾਬਲੇ ਵਿਚ ਯੂਨੀਵਰਸਿਟੀ ਨੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਚੈਂਪੀਅਨਸ਼ਿਪ ਜਿੱਤੀ। ਇਸ ਚੈਂਪੀਅਨਸ਼ਿਪ ਵਿਚ ਦੇਸ਼ ਦੀਆਂ 105 ਯੂਨੀਵਰਸਿਟੀਆਂ ਦੇ ਕਰੀਬ 1000

ਖਿਡਾਰੀਆਂ ਨੇ ਭਾਗ ਲਿਆ।

7. 21-23 ਜਨਵਰੀ ਨੂੰ ਅਕਾਦਮਿਕ ਸਟਾਫ ਕਾਲਜ ਵਲੋਂ ਉਚੇਰੀ ਸਿੱਖਿਆ ਅਤੇ ਪ੍ਰਸ਼ਾਸਨ ਵਿਸ਼ੇ 'ਤੇ ਤਿੰਨ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ 38 ਸੀਨੀਅਰ ਫੈਕਲਟੀ ਮੈਂਬਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੇ ਭਾਗ ਲਿਆ।

8. 10 ਫਰਵਰੀ ਨੂੰ ਅਕਾਦਮਿਕ ਸਟਾਫ ਕਾਲਜ ਵਿਖੇ ਰਿਸਰਚ ਮੈਥੋਡੋਲੋਜੀ ਅਤੇ ਸਟੈਟਿਕਸ ਵਿਸ਼ੇ 'ਤੇ ਤਿੰਨ ਦਿਨਾ ਐਡਵਾਂਸਡ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਲਗਭੱਗ 92 ਐਸੋਸੀਏਟ ਪ੍ਰੋਫੈਸਰਾਂ, ਅਸਿਸਟੈਂਟ ਪ੍ਰੋਫੈਸਰਾਂ ਅਤੇ ਪੀਐਚ.ਡੀ. ਸਕਾਲਰਾਂ ਨੇ ਹਿੱਸਾ ਲਿਆ।

9. 24-26 ਜਨਵਰੀ ਨੂੰ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਫਿਜ਼ੀਕਲ ਐਜੂਕੇਸ਼ਨ ਅਤੇ ਸਪੋਰਟਸ ਸਾਇੰਸਜ਼ ਵਿਸ਼ੇ 'ਤੇ ਗਲੋਬਲ ਸਾਇੰਟੀਫਿਕ ਕਾਨਫਰੰਸ ਕਰਵਾਈ ਗਈ, ਜਿਸ ਵਿਚ ਅਧਿਆਪਕਾਂ, ਰਿਸਰਚ ਸਕਾਲਰਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ।

10. 16 ਜਨਵਰੀ ਨੂੰ ਸਵਾਮੀ ਵਿਵੇਕਾਨੰਦ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ, ਜਿਸ ਵਿਚ ਡਾ. ਅਨੀਰਭਾਨ ਗਾਂਗੁਲੀ, ਸੀਨੀਅਰ ਰਿਸਰਚ ਫੈਲੋ, ਸਵਾਮੀ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ, ਨਵੀਂ ਦਿੱਲੀ ਨੇ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਅਤੇ ਉਨ੍ਹਾਂ ਵਲੋਂ ਦੇਸ਼ ਵਿਦੇਸ਼ ਵਿਚ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਚਾਨਣਾ ਪਾਇਆ।

11. 13 ਫਰਵਰੀ ਨੂੰ ਇਤਿਹਾਸ ਵਿਭਾਗ ਵਲੋਂ ਪ੍ਰਭਾਵੀ ਫਕੀਰ ਵਿਸ਼ੇ 'ਤੇ ਇਕ ਸਪੈਸ਼ਲ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਪਾਕਿਸਤਾਨ ਦੇ ਪ੍ਰਸਿੱਧ ਵਿਦਵਾਨ, ਕਲਾ ਦੇ ਇਤਿਹਾਸਕਾਰ ਅਤੇ ਲਾਹੌਰ ਦੇ ਮਸ਼ਹੂਰ ਫਕੀਰ ਘਰਾਨੇ, ਜਿਨ੍ਹਾਂ ਦਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਹਿਮ ਯੋਗਦਾਨ ਸੀ, ਨਾਲ ਸਬੰਧ ਰੱਖਣ ਵਾਲੇ ਫਕੀਰ ਸੱਈਦ ਅਜਾਜੂਦੀਨ ਨੇ ਮੁੱਖ ਭਾਸ਼ਣ ਦਿੱਤਾ।

12. 18 ਫਰਵਰੀ ਨੂੰ ਸਕੂਲ ਆਫ ਸੋਸ਼ਲ ਸਾਇੰਸਜ਼ ਵਲੋਂ ਸ. ਜਗਤਾਰ ਸਿੰਘ ਢੇਸੀ ਸਲਾਨਾ ਭਾਸ਼ਨ ਕਰਵਾਇਆ ਗਿਆ।

13. ਦਸੰਬਰ 10, 2013 ਨੂੰ ਸੰਗੀਤ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਤੇਜਿੰਦਰ ਗੁਲਾਟੀ ਨੂੰ ਅੰਤਰਰਾਸ਼ਟਰੀ ਹਿਊਮਨ ਰਾਈਟਸ ਪ੍ਰੋਟੈਕਸ਼ਨ ਕੌਂਸਲ, ਨਵੀਂ ਦਿੱਲੀ ਵਲੋਂ ਉਨ੍ਹਾਂ ਵਲੋਂ ਸੰਗੀਤ ਅਤੇ ਕਵਿਤਾ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

14. 8 ਜਨਵਰੀ ਨੂੰ ਸਪੋਰਟਸ ਮੈਡੀਸਨ ਅਤੇ ਫਿਜ਼ਿਓਥਰਾਪੀ ਵਿਭਾਗ ਦੇ ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੇ ਹਾਂਗਕਾਂਗ ਦੇ ਸਪੋਰਟਸ ਇੰਸਟੀਚਿਊਟ ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਹਿੱਸਾ ਲਿਆ। ਇਸ ਮੀਟਿੰਗ ਦਾ ਮੁੱਖ ਉਦੇਸ਼ ਸਪੋਰਟਸ ਮੈਡੀਸਨ ਦੇ ਖੇਤਰ ਵਿਚ ਖੋਜ, ਫੈਕਲਟੀ ਅਤੇ ਵਿਦਿਆਰਥੀਆਂ ਦੇ ਆਪਸੀ ਆਦਾਨ ਪ੍ਰਦਾਨ ਅਤੇ ਪਲੇਸਮੈਂਟ ਤੋਂ ਇਲਾਵਾ ਏਸ਼ੀਆ ਦੇ ਵੱਖ-ਵੱਖ ਹਿੱਸਿਆਂ ਵਿਚ ਸੈਂਟਰ ਸਥਾਪਿਤ ਕਰਵਾਉਣਾ ਹੈ।

15. ਕੈਮਿਸਟਰੀ ਵਿਭਾਗ ਦੀ ਜੂਨੀਅਰ ਰਿਸਰਚ ਫੈਲੋ ਮਿਸ. ਸ਼ਰਨਜੀਤ ਕੌਰ, ਜੋ ਕਿ ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ ਦੇ ਗਰੁੱਪ ਅਧੀਨ ਕੰਮ ਕਰ ਰਹੀ ਹੈ, ਦਾ 7-9 ਫਰਵਰੀ ਨੂੰ ਆਈ.ਆਈ.ਟੀ. ਮੁੰਬਈ ਵਿਖੇ ਹੋਏ 16ਵੇਂ CRSI

National Symposium in Chemistry ਦੌਰਾਨ ਉਸ ਵਲੋਂ ਪੇਸ਼ ਕੀਤੇ ਗਏ ਪੋਸਟਰ ਨੂੰ ਸਭ ਤੋਂ ਵਧੀਆ ਪੋਸਟਰ ਵਜੋਂ ਚੁਣਿਆ ਗਿਆ ਅਤੇ ਉਸ ਨੂੰ ਕੈਮੀਕਲ ਰਿਸਰਚ ਸੋਸਾਇਟੀ ਆਫ ਇੰਡੀਆ ਵਲੋਂ 10,000/- ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਇਹ ਇਨਾਮ ਰਾਇਲ ਸੋਸਾਇਟੀ ਆਫ ਕੈਮਿਸਟਰੀ, ਲੰਡਨ (ਯੂ.ਕੇ.) ਵਲੋਂ ਸਪਾਂਸਰ ਕੀਤਾ ਗਿਆ ਸੀ।

ਹੇਠ ਲਿਖੇ ਵਿਭਾਗਾਂ ਵਲੋਂ ਰਾਸ਼ਟਰੀ ਸੈਮੀਨਾਰ ਕਰਵਾਏ ਗਏ:

16. 8 ਫਰਵਰੀ ਨੂੰ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਵਲੋਂ Law & Social Justice: Emerging Dimensions ਵਿਸ਼ੇ 'ਤੇ

17. 12 ਫਰਵਰੀ ਨੂੰ ਪੰਜਾਬੀ ਅਧਿਐਨ ਸਕੂਲ ਵਲੋਂ ਬਲਰਾਜ ਸਾਹਨੀ ਦਾ ਪੰਜਾਬੀਅਤ ਨੂੰ ਯੋਗਦਾਨ ਵਿਸ਼ੇ 'ਤੇ

18. 14 ਫਰਵਰੀ ਨੂੰ ਫਿਜ਼ਿਕਸ ਵਿਭਾਗ ਵਲੋਂ SAP(DRS-I) ਦੇ ਸਹਿਯੋਗ ਨਾਲ Recent Advances in Physics ਵਿਸ਼ੇ 'ਤੇ

19. 17-18 ਫਰਵਰੀ ਨੂੰ ਹਿੰਦੀ ਵਿਭਾਗ ਵਲੋਂ ਹਿੰਦੀ ਭਾਸ਼ਾ ਔਰ ਸਾਹਿਤਯ- ਬਦਲਤੀ ਦਿਸ਼ਾਏਂ ਵਿਸ਼ੇ 'ਤੇ

20. 21-22 ਫਰਵਰੀ ਨੂੰ ਹਿਊਮਨ ਜੈਨੇਟਿਕਸ ਵਿਭਾਗ ਵਲੋਂ Genes and Genomics ਵਿਸ਼ੇ 'ਤੇ

21. 25-26 ਫਰਵਰੀ ਨੂੰ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ Environmental Ethics- Perspectives from the World Religions ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

**ਸਿੰਡੀਕੇਟ ਨੇ ਡਾਇਰੈਕਟਰ, ਯੁਵਕ ਭਲਾਈ ਵਿਭਾਗ ਅਤੇ ਏ.ਪੀ.ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ ਵੱਲੋਂ ਨੈਸ਼ਨਲ ਯੂਥ ਫੈਸਟੀਵਲ ਜਿੱਤਣ ਲਈ ਪਾਏ ਯੋਗਦਾਨ ਦੀ ਵਿਸ਼ੇਸ਼ ਪ੍ਰਸ਼ੰਸਾ ਕੀਤੀ ਅਤੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।**

25. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਵਿਭਾਗ ਵਿਖੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ, ਜੋ ਮਿਤੀ 26.2.2014 ਨੂੰ ਖਤਮ ਹੋ ਰਹੀ ਹੈ, ਵਿਚ ਮਿਤੀ 27.2.2014 ਨੂੰ ਗਜ਼ਟਿਡ ਛੁੱਟੀ ਹੋਣ ਕਾਰਨ ਮਿਤੀ 28.2.2014 ਤੋਂ 2.3.2014 ਤੱਕ ਤਿੰਨ ਦਿਨ ਦੀ ਬ੍ਰੇਕ ਦੇ ਕੇ ਮਿਤੀ 3.3.2014 ਤੋਂ 89 ਦਿਨਾਂ ਲਈ ਜਾਂ ਅਸਾਮੀ ਰੈਗੂਲਰ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਵਾਧਾ ਕੀਤਾ ਜਾਂਦਾ ਹੈ:-

1. ਮਿਸ. ਫੁਲਬਾਗ ਕੌਰ, ਆਰਚਰੀ ਕੋਚ

2. ਸ੍ਰੀ ਹਰਪ੍ਰੀਤ ਸਿੰਘ, ਐਥਲੈਟਿਕਸ ਕੋਚ
3. ਸ੍ਰੀ ਰਜੇਸ਼ ਕੌਸ਼ਿਕ, ਸਾਈਕਲਿੰਗ ਕੋਚ

ਸ੍ਰੀ ਜਗਤ ਰਾਮ, ਵਰਕ ਇੰਸਪੈਕਟਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਜਗਤ ਰਾਮ, ਵਰਕ ਇੰਸਪੈਕਟਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 10,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

ਡਾ. ਸੰਦੀਪ ਸ਼ਰਮਾ ਦੀ ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ ਵਜੋਂ ਨਿਯੁਕਤੀ ਦੀ ਪੁਸ਼ਟੀ ਅਤੇ ਡਾ. ਸੰਦੀਪ ਸ਼ਰਮਾ, ਫਿਜ਼ਿਕਸ; ਡਾ. ਜਸਵਿੰਦਰ ਕੌਰ ਮਾਨ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ ਅਤੇ ਡਾ. ਵੀਨਸ ਸਿੰਘ ਮਿੱਠੂ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਦੀ ਤਨਖਾਹ ਨਿਸ਼ਚਿਤ ਕਰਨ ਦੀ ਪਰਵਾਨਗੀ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ-

I. (ੳ) ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੰਦੀਪ ਸ਼ਰਮਾ ਨੂੰ ਫਿਜ਼ਿਕਸ ਵਿਭਾਗ ਵਿਖੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 15600-39100+6000AGP+allowances 'ਤੇ 11 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਅਸਿਸਟੈਂਟ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਹੈ।

(ਅ) ਉਕਤ (ੳ) ਅਧੀਨ ਡਾ. ਸੰਦੀਪ ਸ਼ਰਮਾ ਨੂੰ 15600-39100+6000AGP+allowances ਦੇ ਤਨਖਾਹ ਸਕੇਲ ਦੇਣ ਦੀ ਬਜਾਏ 44320/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ 11 ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ ਨਿਯੁਕਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

II. ਡਾ. ਜਸਵਿੰਦਰ ਕੌਰ ਮਾਨ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ ਅਤੇ ਡਾ. ਵੀਨਸ ਸਿੰਘ ਮਿੱਠੂ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ, ਜਿਨ੍ਹਾਂ ਨੂੰ ਕਰਮਵਾਰ ਸਿੰਡੀਕੇਟ ਦੀ ਇੱਕਤਰਤਾ ਮਿਤੀ 23.12.2013 ਦੇ ਪੈਰਾ ਨੰ: 26 ਅਤੇ ਪੈਰਾ ਨੰ: 41 ਰਾਹੀਂ ਨਿਯਮਾਂ ਅਨੁਸਾਰ ਮਿਲਣਯੋਗ ਬੇਸਿਕ ਤਨਖਾਹ, ਗ੍ਰੇਡ ਪੇਅ ਅਤੇ ਭੱਤੇ 'ਤੇ ਅਸਿਸਟੈਂਟ ਪ੍ਰੋਫੈਸਰ ਵਜੋਂ 11 ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ, ਨੂੰ ਉਕਤ ਤਨਖਾਹ ਸਕੇਲ ਦੀ ਬਜਾਏ 44320/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਨਿਯੁਕਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 17.12.2013 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 17.12.2013 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 11.2.2014 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 11.2.2014 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਕਾਲਜ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ **Leave Encashment** ਦੀ ਵਿਵਸਥਾ ਕਰਨ ਸਬੰਧੀ ਅਧਿਆਦੇਸ਼ ਵਿਚ ਸੋਧ।

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਾਲਜ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ Leave Encashment ਦੀ ਵਿਵਸਥਾ ਕਰਨ ਸਬੰਧੀ ਮਾਮਲੇ ਨੂੰ ਵਿਚਾਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 20.12.2011 ਅਤੇ 17.2.2014 ਅਨੁਸਾਰ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 27 'ਤੇ ਮੌਜੂਦ ਅਧਿਆਦੇਸ਼ 11.3 ਅਤੇ 30-31 'ਤੇ ਮੌਜੂਦ ਅਧਿਆਦੇਸ਼ 22 ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ।

ਡਾ. ਰਜਿੰਦਰ ਕੁਮਾਰ, ਪ੍ਰੋਫੈਸਰ ਅਤੇ ਮੁਖੀ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮੁਖੀ ਵਿਭਾਗ ਵਜੋਂ ਫਾਰਗ ਕਰਨ ਅਤੇ ਵਿਭਾਗ ਦੇ ਨਿਤਾ ਪ੍ਰਤੀ ਦਾ ਕੰਮ ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ ਨੂੰ ਸੌਂਪਣ ਦੀ ਪੁਸ਼ਟੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਰਜਿੰਦਰ ਕੁਮਾਰ, ਪ੍ਰੋਫੈਸਰ ਅਤੇ ਮੁਖੀ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ 60 ਸਾਲ ਦੀ ਉਮਰ ਹੋਣ ਉਪਰੰਤ ਮਿਤੀ 23.2.2014 (ਬਾਅਦ ਦੁਪਹਿਰ) ਨੂੰ ਮੁਖੀ ਵਿਭਾਗ ਦੀ ਜਿੰਮੇਵਾਰੀ ਤੋਂ ਫਾਰਗ ਕੀਤਾ ਹੈ।

(ਅ) ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮਿਤੀ 24.2.2014 ਤੋਂ 31.3.2014 ਤੱਕ ਕਾਨੂੰਨ ਵਿਭਾਗ ਦੇ ਨਿਤਾ ਪ੍ਰਤੀ ਕੰਮ ਦੀ ਜਿੰਮੇਵਾਰੀ ਸੌਂਪੀ ਹੈ।

ਸ੍ਰੀ ਦਿਲਬਾਗ ਸਿੰਘ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ, ਐਸ.ਆਰ.ਐਸ.ਪੀ.ਐਮ. ਯੂਨੀਵਰਸਿਟੀ ਕਾਲਜ, ਨਿਆੜੀ ਦਾ ਅਸਤੀਫਾ ਪਰਵਾਨ ਕੀਤਾ ਗਿਆ।

32. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਦਿਲਬਾਗ ਸਿੰਘ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ, ਐਸ.ਆਰ.ਐਸ.ਪੀ.ਐਮ. ਯੂਨੀਵਰਸਿਟੀ ਕਾਲਜ, ਨਿਆੜੀ, ਜਿਸ ਨੇ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਵਜੋਂ ਬਣਦੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਹੈ, ਵੱਲੋਂ ਮਿਤੀ 11.2.2014 (ਬਾਅਦ ਦੁਪਹਿਰ) ਤੋਂ ਦਿੱਤਾ ਅਸਤੀਫਾ ਪਰਵਾਨ ਕੀਤਾ ਜਾਂਦਾ ਹੈ।

ਅੰਡਰ ਗ੍ਰੈਜੂਏਟ ਸਲਾਨਾ ਪ੍ਰਣਾਲੀ ਦੇ ਬੀ.ਏ. ਭਾਗ ਦੂਜਾ ਅਤੇ ਤੀਜਾ ਦੇ ਪ੍ਰੀਖਿਆਰਥੀਆਂ ਨੂੰ ਕੰਪਾਰਟਮੈਂਟ ਵਿਸ਼ੇ ਦਾ ਪੇਪਰ ਪਾਸ/ ਇੰਪਰੂਵਮੈਂਟ ਕਰਨ ਲਈ ਮਾਰਚ/ਅਪ੍ਰੈਲ 2014 ਦੀਆਂ ਸਲਾਨਾ ਪ੍ਰੀਖਿਆਵਾਂ ਵਿਚ 20000/- ਰੁਪਏ ਵਿਸ਼ੇਸ਼ ਫੀਸ ਤੇ ਬਣਦੀ ਸਾਧਾਰਨ ਫੀਸ ਨਾਲ ਇਕ ਵਿਸ਼ੇਸ਼ ਮੌਕਾ ਦੇਣ ਦੀ ਪੁਸ਼ਟੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅੰਡਰ ਗ੍ਰੈਜੂਏਟ ਸਲਾਨਾ ਪ੍ਰਣਾਲੀ ਦੇ ਬੀ.ਏ. ਭਾਗ ਦੂਜਾ ਅਤੇ ਤੀਜਾ ਦੇ ਅਜਿਹੇ ਪ੍ਰੀਖਿਆਰਥੀ ਜੋ ਨਿਯਮਾਂ ਅਨੁਸਾਰ ਸਾਰੇ ਮੌਕੇ ਲੈਣ ਦੇ ਬਾਵਜੂਦ ਵੀ ਆਪਣੀ ਕੰਪਾਰਟਮੈਂਟ ਦਾ ਵਿਸ਼ਾ ਪਾਸ ਨਹੀਂ ਕਰ ਸਕੇ ਤੇ ਡਿਗਰੀ ਪੂਰੀ ਨਹੀਂ ਹੋ ਸਕੀ, ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਕੰਪਾਰਟਮੈਂਟ ਵਿਸ਼ੇ ਦਾ ਪੇਪਰ ਪਾਸ ਕਰਨ ਲਈ ਮਾਰਚ/ਅਪ੍ਰੈਲ 2014 ਦੀਆਂ ਸਲਾਨਾ ਪ੍ਰੀਖਿਆਵਾਂ ਵਿਚ 20000/- ਰੁਪਏ ਵਿਸ਼ੇਸ਼ ਫੀਸ ਤੇ ਬਣਦੀ ਸਾਧਾਰਨ ਫੀਸ ਨਾਲ ਇਕ ਵਿਸ਼ੇਸ਼ ਮੌਕਾ ਦਿੱਤਾ ਹੈ। ਇਹ ਪ੍ਰੀਖਿਆਰਥੀ ਚਲੰਤ (current) ਸਲੇਬਸ ਨਾਲ ਪ੍ਰੀਖਿਆ ਵਿਚ ਪ੍ਰਵੇਸ਼ ਹੋਣਗੇ।

ਇਹ ਵੀ **ਪਾਸ ਹੋਇਆ** ਕਿ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਸਲਾਨਾ ਪ੍ਰਣਾਲੀ ਦੇ ਉਹ ਸਾਰੇ ਉਮੀਦਵਾਰ, ਜੋ ਇੰਪਰੂਵਮੈਂਟ ਲਈ ਮਿਲਣਯੋਗ ਜਾਂ ਵਿਸ਼ੇਸ਼ ਮੌਕਿਆਂ ਵਿਚ ਇੰਪਰੂਵਮੈਂਟ ਨਹੀਂ ਕਰ ਸਕੇ, ਨੂੰ 20,000/- ਰੁਪਏ ਵਿਸ਼ੇਸ਼ ਫੀਸ ਤੋਂ ਇਲਾਵਾ ਨਿਰਧਾਰਤ ਫੀਸ ਨਾਲ ਇੱਕ ਵਿਸ਼ੇਸ਼ ਮੌਕਾ ਮਾਰਚ/ਅਪ੍ਰੈਲ 2014

ਵਿਚ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਪ੍ਰੀਖਿਆ ਚਲੰਤ (current) ਸਿਲੇਬਸ ਅਨੁਸਾਰ ਹੋਵੇਗੀ।

ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ ਦੀ ਮਿਆਦੀ ਨਿਰੀਖਣ **(Periodical Inspection)** ਕਮੇਟੀ ਦੀ ਰਿਪੋਰਟ ਦੀ ਪਰਵਾਨਗੀ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੁਆਰਾ ਗਠਿਤ ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ ਦੀ ਮਿਆਦੀ ਨਿਰੀਖਣ (Periodical Inspection) ਕਮੇਟੀ ਦੀ ਮਿਤੀ 20.1.2014 ਦੀ ਰਿਪੋਰਟ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਸਿਮਰਤ ਪਾਲ ਸਿੰਘ | A Study of Gross Motor Proficiency, Coordinative Abilities and Motor Educability of Young Volleyball Players. | ਫਿਜ਼ਿਕਲ ਐਜੂਕੇਸ਼ਨ- ਫਿਜ਼ਿਕਲ ਐਜੂਕੇਸ਼ਨ ਫੈਕਲਟੀ। |
| 2. | ਪਰਮਪਾਲ ਸਿੰਘ | Television Advertising Directed as Children: A Study of Parental Attitudes and Perceptions. | ਬਿਜ਼ਨੈਸ ਐਡਮਿਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 3. | ਰਾਜ ਕੁਮਾਰ ਸ਼ਰਮਾ | Contemporary Perturbation and its Remedial Steps in Sanskrit Literature (with Special Reference to main Smrits and Nitisastra). | ਸੰਸਕ੍ਰਿਤ- ਲੈਂਗੁਏਜ਼ਿਜ਼ ਫੈਕਲਟੀ। |
| 4. | ਓਮ ਪ੍ਰਕਾਸ਼ | Direct Tax Reforms in India: A Comparative Study of Pre and Post-Liberalization Period. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 5. | ਮਿਸ. ਹਰਪ੍ਰੀਤ ਦੁਸਾਂਝ | Dynamics of Multinational Corporations in India: A Study of Post Liberalization Period. | - ਉਹੀ - |
| 6. | ਰਵਨੀਤ ਕੌਰ | Effect of Gamma and Heavy Ion Irradiations on the Structural and Optical Properties of Heavy Metal Oxide Borosilicate Glasses. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 7. | ਏਕਤਾ ਖੋਸਲਾ | Kinetic and Thermodynamic Study of Adsorption of Ionic Dyes on Low Cost Adsorbents and their Derivatives. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 8. | ਹਰਮਨਦੀਪ ਸਿੰਘ ਸੋਹਲ | Literary Representation of Revolutionary Movements: Naujawan Bharat Sabha and Hindustan Socialist Republican Association. | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

| | | | |
|---|---|---|---|
| 9. | ਜਤਿੰਦਰ ਸਿੰਘ | Information Seeking Behaviour of the Sports Persons and Scientists of Delhi and Punjab with Special Reference to the use of Information Technology- | ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ– ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਵਿਭਾਗ ਵਿਖੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਜਾਂਦਾ ਹੈ:–

| ਕ੍ਰਮ ਨੰ: | ਕੋਚ ਦਾ ਨਾਮ | ਬ੍ਰੇਕ ਦੀ ਮਿਤੀ | ਨਿਯੁਕਤੀ ਦੀ ਮਿਤੀ |
|---|---|---|---|
| 1. | ਸ੍ਰੀ ਲਖਵੀਰ ਸਿੰਘ, ਕੱਬਡੀ/ਖੋ-ਖੋ ਕੋਚ | 10.3.2014 | 11.3.2014 |
| 2. | ਸ੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ | 10.3.2014 | 11.3.2014 |
| 3. | ਸ੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ | 10.3.2014 | 11.3.2014 |
| 4. | ਸ੍ਰੀ ਪਰਦੀਪ ਕੁਮਾਰ, ਫੁਟਬਾਲ ਕੋਚ | 26.3.2014 | 27.3.2014 |

ਡਾ. ਰੂਪਨ ਢਿੱਲੋਂ, ਸਹਾਇਕ ਪ੍ਰੋਫੈਸਰ, ਸਾਈਕਾਲੋਜੀ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਕਮਾਈ ਛੁੱਟੀ ਦੀ ਪੁਸ਼ਟੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰੂਪਨ ਢਿੱਲੋਂ, ਸਹਾਇਕ ਪ੍ਰੋਫੈਸਰ, ਸਾਈਕਾਲੋਜੀ ਵਿਭਾਗ ਨੂੰ ਸਿੰਗਾਪੁਰ ਵਿਖੇ ਬਿਨ੍ਹਾਂ ਕਿਸੇ ਵਿੱਤੀ ਸਹਾਇਤਾ ਤੋਂ ਮਿਤੀ 24.2.2014 ਤੋਂ 25.2.2014 ਤੱਕ ਹੋ ਰਹੀ 3rd Annual International Conference on Congnitive and Behavioural Psychology (CBP 2014) ਵਿਚ ਸ਼ਾਮਲ ਹੋਣ ਲਈ ਮਿਤੀ 24.2.2014 ਤੋਂ 28.2.2014 ਤੱਕ ਦੀ ਕਮਾਈ ਛੁੱਟੀ ਪਰਦਾਨ ਕੀਤੀ ਹੈ।

ਡਾ. ਅਨੀਸ਼ ਕੁਮਾਰ ਦੂਆ, ਪ੍ਰੋਫੈਸਰ, ਜੂਆਲੋਜੀ ਵਿਭਾਗ ਦੀ ਕਮਾਈ ਛੁੱਟੀ ਦੀ ਪੁਸ਼ਟੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਅਨੀਸ਼ ਕੁਮਾਰ ਦੂਆ, ਪ੍ਰੋਫੈਸਰ, ਜੂਆਲੋਜੀ ਵਿਭਾਗ ਨੂੰ Hong-Kong ਵਿਖੇ ਜਾਣ ਲਈ ਮਿਤੀ 4.1.2014 ਤੋਂ 13.1.2014 ਤੱਕ 10 ਦਿਨਾਂ ਦੀ ਕਮਾਈ ਛੁੱਟੀ ਪਰਦਾਨ ਕੀਤੀ ਹੈ।

ਸ੍ਰੀ ਸੁਖਨੰਦਨ ਸਿੰਘ, ਉਪ-ਰਜਿਸਟਰਾਰ (ਲੇਖਾ) (ਸੇਵਾ-ਮੁਕਤ) ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸੁਖਨੰਦਨ ਸਿੰਘ, ਉਪ-ਰਜਿਸਟਰਾਰ (ਲੇਖਾ) (ਸੇਵਾ-ਮੁਕਤ), ਜਿਸ ਦੀ ਵਰਤਮਾਨ ਕੰਟ੍ਰੈਕਟ ਨਿਯੁਕਤੀ ਦੀ ਮਿਆਦ, ਮਿਤੀ 30.4.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.5.2014 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਜਾਂਦਾ ਹੈ।

ਸ੍ਰੀ ਸੁਖਦੇਵ ਪਾਲ ਮਹਿਤਾ, ਸਟਾਫ ਨਰਸ (ਲੇਖਾ) (ਸੇਵਾ-ਮੁਕਤ) ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਖਦੇਵ ਪਾਲ ਮਹਿਤਾ, ਸਟਾਫ ਨਰਸ (ਸੇਵਾ-ਮੁਕਤ), ਯੂਨੀਵਰਸਿਟੀ ਹੈਲਥ ਸੈਂਟਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 21.2.2014 (01 ਦਿਨ) ਦੀ ਬ੍ਰੇਕ ਦਿੰਦੇ ਹੋਏ ਮਿਤੀ 22.2.2014 ਤੋਂ 21.5.2014 ਤੱਕ ਤਿੰਨ ਮਹੀਨਿਆਂ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਆਧਾਰ 'ਤੇ 12,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

ਬੀ.ਏ. ਭਾਗ ਤੀਜਾ ਦੀ ਵਿਦਿਆਰਥਣ- ਖੁਸ਼ਬੀਰ ਕੌਰ, ਇੰਟਰਨੈਸ਼ਨਲ ਐਥਲੀਟ ਨੂੰ ਪੋਲੀਟੀਕਲ ਸਾਇੰਸ ਵਿਸ਼ੇ ਦਾ ਪੇਪਰ-ਏ ਦੇਣ ਲਈ ਵਿਸ਼ੇਸ਼ ਮੌਕਾ ਦੀ ਪਰਵਾਨਗੀ।

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਖੇ ਸਲਾਨਾ ਪ੍ਰਣਾਲੀ ਅਧੀਨ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ- ਖੁਸ਼ਬੀਰ ਕੌਰ, ਇੰਟਰਨੈਸ਼ਨਲ ਐਥਲੀਟ, ਜੋ ਮਿਤੀ 16.3.2014 ਤੋਂ 18.3.2014 ਤੱਕ ਜਪਾਨ ਵਿਖੇ ਹੋ ਰਹੀ ਏਸ਼ੀਅਨ ਵਾਕਿੰਗ ਚੈਂਪੀਅਨਸ਼ਿਪ ਵਿਚ ਭਾਗ ਲੈਣ ਕਾਰਣ ਆਪਣਾ ਮਿਤੀ 18.3.2014 ਦਾ ਪੋਲੀਟੀਕਲ ਸਾਇੰਸ ਵਿਸ਼ੇ ਦਾ ਪੇਪਰ-ਏ ਨਹੀਂ ਦੇ ਸਕੇਗੀ, ਵੱਲੋਂ ਖੇਡਾਂ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ, ਉਕਤ ਪੇਪਰ ਦੀ ਪ੍ਰੀਖਿਆ ਵਿਸ਼ੇਸ਼ ਤੌਰ 'ਤੇ ਕਰਵਾਉਣ ਦੀ ਆਗਿਆ ਦਿੱਤੀ ਜਾਂਦੀ ਹੈ।

ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਅਤੇ ਸੇਵਾਫਲ ਵਿਚ ਵਾਧਾ।

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2014 ਤੋਂ 31.3.2015 ਤੱਕ, ਇਕ ਸਾਲ ਦਾ ਵਾਧਾ ਕਰਦਿਆਂ ਉਨ੍ਹਾਂ ਦਾ ਸੇਵਾਫਲ 3500/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 5000/- ਰੁਪਏ ਪ੍ਰਤੀ ਮਹੀਨਾ ਕੀਤਾ ਜਾਂਦਾ ਹੈ।

ਨਾਰਥ ਜੋਨ ਅਤੇ ਨੈਸ਼ਨਲ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲਾਂ ਦੌਰਾਨ ਜਿੱਤਾਂ ਹਾਸਲ ਕਰਨ ਵਿਚ ਯੋਗਦਾਨ ਪਾਉਣ ਵਾਲੇ ਕਾਲਜਾਂ/ਕੈਂਪਸਜ਼ ਅਤੇ ਵਿਦਿਆਰਥੀ ਕਲਾਕਾਰਾਂ ਨੂੰ ਪ੍ਰਦਾਨ ਕੀਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਸੋਧ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਆਯੋਜਿਤ ਨਾਰਥ ਜੋਨ ਅਤੇ ਨੈਸ਼ਨਲ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲਾਂ ਦੌਰਾਨ ਜਿੱਤਾਂ ਹਾਸਲ ਕਰਨ ਵਿਚ ਯੋਗਦਾਨ ਪਾਉਣ ਵਾਲੇ ਕਾਲਜਾਂ/ਕੈਂਪਸਜ਼ ਅਤੇ ਵਿਦਿਆਰਥੀ ਕਲਾਕਾਰਾਂ ਨੂੰ ਪ੍ਰਦਾਨ ਕੀਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਸੋਧ ਕੀਤੇ ਜਾਣ ਲਈ ਕਮੇਟੀ ਦੀ ਇੱਕਤਰਤਾ ਮਿਤੀ 24.2.2014 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ